## ਈ ਐੱਸ ਐੱਲ ਟੀਚਰ ਮਦਦ ਕਿਵੇਂ ਕਰਦੇ ਹਨ

ਉਹ ਹੋਮਵਰਕ (ਘਰ ਨੂੰ ਦਿੱਤਾ ਜਾਣ ਵਾਲਾ ਕੰਮ) ਬੋਰਡ ਉੱਪਰ ਲਿਖਣਾ ਹਮੇਸ਼ਾਂ ਯਾਦ ਰੱਖਦੇ ਹਨ ਤਾਂ ਕਿ ਮੈਂ ਇਸ ਨੂੰ ਆਪਣੇ ਪਲੈਨਰ `ਤੇ ਲਿਖ ਸਕਾਂ।

ਸਮਝਣ ਵਿਚ ਮੇਰੀ ਮਦਦ ਕਰਨ ਲਈ ਉਹ ਪਾਠ ਪੁਸਤਕਾਂ ਦੇ ਨਾਲ-ਨਾਲ ਤਸਵੀਰਾਂ ਵਾਲੀਆਂ ਬਹੁਤ ਸਾਰੀਆਂ ਕਿਤਾਬਾਂ ਵੀ ਵਰਤਦੇ ਹਨ।

ਜੋ ਮੈਂ ਪਹਿਲਾਂ ਹੀ ਸਿੱਖ ਲਿਆ ਹੈ, ਉਹ ਇਹ ਸਮਝਾਉਣ ਵਿਚ ਮੇਰੀ ਮਦਦ ਕਰਦੇ ਹਨ ਭਾਵੇਂ ਮੈਨੂੰ ਇਹ ਅੰਗਰੇਜ਼ੀ ਵਿਚ ਦੱਸਣ ਵਿਚ ਮੁਸ਼ਕਲ ਆ ਰਹੀ ਹੋਵੇ।



*‘‘ਮੇਰਾ ਸੋਸ਼ਲਜ਼ ਦਾ ਟੀਚਰ ਸਾਨੂੰ ਇਹ ਦਿਖਾਉਂਦਾ ਹੈ ਕਿ ਵਿਸ਼ਾ ਵਸਤੂ ਨੂੰ ਕਿਵੇਂ ਸਮੇਟਣਾ ਹੈ। ਹੁਣ ਇਹ ਪਤਾ ਲਾਉਣਾ ਸੌਖਾ ਹੈ ਕਿ ਕਿਹੜੇ ਖਿਆਲ ਜ਼ਿਆਦਾ ਮਹੱਤਵਪੂਰਨ ਹਨ।``*

*ਜੌਹਨੀ, ਉਮਰ 15 ਸਾਲ*

**“ESL Support Class - Why?”**

[Punjabi]

ਇਹ ਬਰੋਸ਼ਰ ਵੈਨਕੂਵਰ ਸਕੂਲ ਬੋਰਡ ਦੇ ਸੈਟਲਮੈਂਟ ਵਰਕਰਾਂ ਵਲੋਂ ਸਪੌਂਸਰ ਕੀਤੇ ਗਏ ਕਈ ਬਰੋਸ਼ਰਾਂ ਵਿੱਚੋਂ ਇੱਕ ਹੈ ਅਤੇ ਇਸਦੀ ਰਚਨਾ ਕੁੱਝ ਈ ਐਸ ਐਲ ਅਧਿਆਪਕਾਂ ਅਤੇ ਵੈਨਕੂਵਰ ਸਕੂਲ ਬੋਰਡ ਦੇ ਮਲਟੀਕਲਚਰਲ ਲੀਏਜੋਨ ਵਰਕਰਾਂ ਨੇ ਮਿਲ ਕੇ ਕੀਤੀ ਹੈ।

ਅਸੀਂ ‘ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਐਂਡ ਲੇਬਰ ਮਾਰਕਿਟ ਡਿਵੇਲੱਪਮੈਂਟ’ ਅਤੇ ‘ਸਿਟਿਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨਡਾ’ ਵਲੋਂ ਮਿਲੀ ਵਿੱਤੀ ਮੱਦਦ ਲਈ ਧੰਨਵਾਦੀ ਹਾਂ।

# ਈ ਐੱਸ ਐੱਲ ਮਦਦ ਲਈ ਕਲਾਸ ਕਿਉਂ?



***ਮੈਂ ਈ ਐੱਸ ਐੱਲ ਮਦਦ ਲਈ ਕਲਾਸ ਪਸੰਦ ਕਰਦਾ ਹਾਂ ਕਿਉਂਕਿ ਹਰ ਇਕ ਚੀਜ਼ ਅੰਗਰੇਜ਼ੀ ਵਿਚ ਸਿੱਖਣ ਲਈ ਟੀਚਰ ਮੇਰੀ ਮਦਦ ਕਰ ਰਹੇ ਹਨ!***

# ਈ ਐੱਸ ਐੱਲ ਕਲਾਸ ਸਿੱਖਣ ਵਿਚ ਮੇਰੀ ਮਦਦ ਕਰਦੀ ਹੈ!

## ਅੰਗਰੇਜ਼ੀ ਸਿੱਖਣਾ ਬਹੁਤ ਔਖਾ ਕੰਮ ਹੈ!

*"ਕਹਾਣੀਆਂ, ਕਵਿਤਾ ਅਤੇ ਨਾਵਲ ਪੜ੍ਹਨ ਅਤੇ ਹਿਸਾਬ, ਸਾਇੰਸ ਅਤੇ ਸਮਾਜਿਕ ਅਧਿਐਨ ਅੰਗਰੇਜ਼ੀ ਵਿਚ ਸਿੱਖਣ ਨੂੰ ਲੰਮਾ ਸਮਾਂ ਲੱਗਦਾ ਹੈ ਅਤੇ ਮੈਂ ਛੇਤੀ ਤੋਂ ਛੇਤੀ ਸਿੱਖਣ ਲਈ ਬਹੁਤ ਹੀ ਸਖਤ ਮਿਹਨਤ ਕਰ ਰਹੀ ਹਾਂ।"*

*ਜੀਨ, ਉਮਰ 11 ਸਾਲ*



## ਈ ਐੱਸ ਐੱਲ ਟੀਚਰ ਕਈ ਤਰੀਕਿਆਂ ਨਾਲ ਮੇਰੀ ਮਦਦ ਕਰਦੇ ਹਨ:

ਉਹ ਜ਼ਿਆਦਾ ਹੌਲੀ ਅਤੇ ਸਾਫ ਸਾਫ ਬੋਲਦੇ ਹਨ।

ਕਦੇ ਕਦੇ ਉਹ ਮੈਨੂੰ ਕਲਾਸ ਵਿਚਲੇ ਆਪਣੇ ਕਿਸੇ ਸਾਥੀ ਨਾਲ ਮਾਂ ਬੋਲੀ ਵਿਚ ਵੀ ਗੱਲ ਕਰਨ ਦਿੰਦੇ ਹਨ ਜਦੋਂ ਮੈਨੂੰ ਅੰਗਰੇਜ਼ੀ ਬੋਲਣ ਵਿਚ ਮੁਸ਼ਕਲ ਆਉਂਦੀ ਹੈ। ਮੈਨੂੰ ਇਹ ਪਸੰਦ ਹੈ ਤਾਂ ਕਿ ਮੈਂ ਇਹ ਦਿਖਾ ਸਕਾਂ ਕਿ ਮੈਨੂੰ ਚੀਜ਼ਾਂ ਬਾਰੇ ਪਤਾ ਹੈ।

ਸਮਝਣ ਵਿਚ ਮੇਰੀ ਮਦਦ ਕਰਨ ਲਈ ਉਹ ਮੈਨੂੰ ਉਦਾਹਰਣਾਂ ਦਿੰਦੇ ਹਨ ਅਤੇ ਤਸਵੀਰਾਂ ਦਿਖਾਉਂਦੇ ਹਨ।

ਉਹ ਮੈਨੂੰ ਇਹ ਸਿਖਾਉਂਦੇ ਹਨ ਕਿ ਅੰਗਰੇਜ਼ੀ ਜ਼ਬਾਨ ਕਿਵੇਂ ਕੰਮ ਕਰਦੀ ਹੈ।

ਉਹ ਮੈਨੂੰ ਹਰ ਰੋਜ਼ ਨਵੀਂ ਸ਼ਬਦਾਵਲੀ ਸਿਖਾਉਂਦੇ ਹਨ।

ਉਹ ਮੈਨੂੰ ਸਿਖਾਉਂਦੇ ਹਨ ਕਿ ਪਾਠ ਪੁਸਤਕਾਂ ਵਿੱਚੋਂ ਵੱਧ ਤੋਂ ਵੱਧ ਜਾਣਕਾਰੀ ਕਿਵੇਂ ਲੈਣੀ ਹੈ।

ਉਨ੍ਹਾਂ ਕੋਲ ਅਕਸਰ ਇਸ ਚੀਜ਼ ਦੀਆਂ ਉਦਾਹਰਣਾਂ ਹੁੰਦੀਆਂ ਹਨ ਕਿ ਕੋਈ 'ਚੰਗਾ' ਪ੍ਰੋਜੈਕਟ ਜਾਂ ਪੇਪਰ ਕਿਸ ਤਰ੍ਹਾਂ ਦਾ ਦਿਖਾਈ ਦੇਣਾ ਚਾਹੀਦਾ ਹੈ।

ਕਲਾਸ ਵਿਚ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਉਹ ਮੈਨੂੰ ਸੋਚਣ ਦਾ ਸਮਾਂ ਦਿੰਦੇ ਹਨ।

ਨੋਟ ਲੈਣ ਅਤੇ ਪੜ੍ਹਨ ਵਿਚ ਮਦਦ ਕਰਨ ਲਈ ਉਹ ਮੈਨੂੰ ਜੁਗਤਾਂ ਸਿਖਾਉਂਦੇ ਹਨ।

ਉਹ ਮੈਨੂੰ ਸੁਣਦੇ ਹਨ ਅਤੇ ਸਮਝਣ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਫਿਰ ਉਹ ਆਪਣੇ ਖਿਆਲਾਂ ਨੂੰ ਚੰਗੀ ਅੰਗਰੇਜ਼ੀ ਵਿਚ ਪ੍ਰਗਟਾਉਣ ਵਿਚ ਮੇਰੀ ਮਦਦ ਕਰਦੇ ਹਨ।

ਉਹ ਇਹ ਜਾਣਦੇ ਹਨ ਕਿ ਕੋਈ ਜ਼ਬਾਨ ਸਿੱਖਣਾ ਸਖਤ ਕੰਮ ਹੈ, ਇਸ ਕਰਕੇ ਉਹ ਸਾਨੂੰ ਕਦੇ ਕਦੇ ਸ਼ੁਗਲ ਕਰਨ ਲਈ ਵੀ ਕੁਝ ਸਮਾਂ ਦਿੰਦੇ ਹਨ ਅਤੇ ਜੋ ਸਿੱਖਿਆ ਹੈ ਉਸ ਦਾ ਅਭਿਆਸ ਕਰਨ ਲਈ ਖੇਡਣ ਦਿੰਦੇ ਹਨ।

ਬੋਲਣ ਵੇਲੇ ਉਹ ਬੋਰਡ ਉੱਪਰ ਲਿਖਦੇ ਹਨ ਤਾਂ ਕਿ ਮੈਂ ਨਵੇਂ ਖਿਆਲਾਂ ਅਤੇ ਸ਼ਬਦਾਵਲੀ ਨੂੰ ਬਿਹਤਰ ਸਮਝ ਸਕਾਂ ਅਤੇ ਉਨ੍ਹਾਂ ਨੂੰ ਯਾਦ ਰੱਖ ਸਕਾਂ।

ਉਹ ਵਿਆਕਰਣ ਅਤੇ ਸ਼ਬਦ-ਜੋੜਾਂ ਨਾਲੋਂ ਖਿਆਲਾਂ ਲਈ ਜ਼ਿਆਦਾ ਨੰਬਰ ਦਿੰਦੇ ਹਨ।

ਉਹ ਇਹ ਪੱਕਾ ਕਰਦੇ ਹਨ ਕਿ ਮੈਨੂੰ ਸਮਝ ਆ ਗਈ ਹੈ ਭਾਵੇਂ ਮਦਦ ਮੰਗਣ ਤੋਂ ਮੈਨੂੰ ਬਹੁਤ ਸੰਗ ਵੀ ਆਉਂਦੀ ਹੋਵੇ।